ਤਾਰ ਦਾ ਪਤਾ :-
"ਸ਼੍ਰੋਮਣੀ"

੧ੴ ਵਾਹਿਗੁਰੂ ਜੀ ਕੀ ਫ਼ਤਹ ॥

366/9-12/20000
0183-2553956
2553957
2553958
2553959
2553960

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ,

ਨੰਬਰ 26096

ਸ੍ਰੀ ਅੰਮ੍ਰਿਤਸਰ 19-11-13

ਪ੍ਰਿੰਸੀਪਲ ਸਾਹਿਬਾਨ,
ਸਕੂਲਜ਼,
ਪ੍ਰਬੰਧ-ਸ਼੍ਰੋਮਣੀ ਗੁ: ਪ੍ਰ: ਕਮੇਟੀ,
ਸ੍ਰੀ ਅੰਮ੍ਰਿਤਸਰ।

ਪ੍ਰੋ:- ਪ੍ਰਤੀਯੋਗਤਾ ਵਿੱਚ ਭਾਗ ਲੈਣ ਸਬੰਧੀ।

ਸ੍ਰੀਮਾਨ ਜੀ/ਬੀਬੀ ਜੀ,

ਵਿਦਿਤ ਕੀਤਾ ਜਾਂਦਾ ਹੈ ਕਿ ਗੁਰਮਤਿ ਪ੍ਰਚਾਰ ਮਿਸ਼ਨ 1542-ਡੀ, ਮਾਡਲ ਟਾਊਨ ਐਕਸਟੈਕਸ਼ਨ ਲੁਧਿਆਣਾ ਵਲੋਂ ਭਾਈ ਨੰਦ ਲਾਲ ਪਬਲਿਕ ਸਕੂਲ, ਸ੍ਰੀ ਅਨੰਦਪੁਰ ਸਾਹਿਬ ਵਿਖੇ ਦਸਮੇਸ਼ ਪਿਤਾ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਮਹਾਨ ਕੁਰਬਾਨੀ ਨੂੰ ਸਮਰਪਿਤ ਮਿਤੀ 07-12-2013 ਤੋਂ 08-12-2013 ਤੀਕ 'ਕੌਣ ਬਣੇਗਾ ਦਸਮੇਸ਼ ਪਿਤਾ ਦਾ ਲਾਡਲਾ' ਕੁਇਜ ਮੁਕਾਬਲੇ ਕਰਵਾਏ ਜਾ ਰਹੇ ਹਨ, ਜਿਸ ਵਿੱਚ ਸਾਰੇ ਸਕੂਲਾਂ ਦੇ ਵਿਦਿਆਰਥੀ ਭਾਗ ਲੈ ਰਹੇ ਹਨ। ਮਾਨਯੋਗ ਪ੍ਰਧਾਨ ਸਾਹਿਬ ਵਲੋਂ ਹੋਏ ਆਦੇਸ਼ ਅਨੁਸਾਰ ਆਪ ਜੀ ਨੇ ਆਪਣੇ ਸਕੂਲ ਦੇ ਜਿੰਮੇਵਾਰ ਅਧਿਆਪਕਾਂ ਦੀ ਨਿਗਰਾਨੀ ਹੇਠ ਤਿੰਨ-ਤਿੰਨ ਵਿਦਿਆਰਥੀਆਂ ਨੂੰ ਇਸ ਪ੍ਰਤੀਯੋਗਤਾ ਵਿੱਚ ਭਾਗ ਲੈਣ ਲਈ ਭੇਜਣ ਦੀ ਖੇਚਲ ਕਰਨੀ। ਭਾਗ ਲੈਣ ਵਾਲੀਆਂ ਟੀਮਾਂ ਦੇ ਮੈਂਬਰ (ਵਿਦਿਆਰਥੀਆਂ) ਦੇ ਨਾਮ ਮਿਤੀ 25-11-2013 ਤੀਕ ਨੱਥੀ ਲਿਖੇ ਐਡਰੈਸ ਪੁਰ ਪੱਤਰ, ਫੈਕਸ ਜਾਂ ਈ-ਮੇਲ ਰਾਹੀਂ ਭੇਜਦਿਆਂ ਲੋੜ ਅਨੁਸਾਰ ਸ੍ਰ. ਅਮਰਜੀਤ ਸਿੰਘ ਜੀ ਚਾਵਲਾ ਮੈਂਬਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਨਾਲ ਫੋਨ ਨੰ:94170-36362 ਪੁਰ ਸੰਪਰਕ ਕਰ ਲਿਆ ਜਾਵੇ।

ਸ਼ੁਭਚਿੰਤਕ,

ਨੱਥੀ: ਲਿਖੇ ਅਨੁਸਾਰ।

ਮੀਤ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

੧ੴ ਵਾਹਿਗੁਰੂ ਜੀ ਕੀ ਫਤਹਿ ॥

# ਗੁਰਮਤਿ ਪ੍ਰਚਾਰ ਮਿਸ਼ਨ

1542-D, ਮਾਡਲ ਟਾਊਨ ਐਕਸਟੈਸ਼ਨ, ਲੁਧਿਆਣਾ।

ਮਿਤੀ 9/11/2013

ਮਾਨਯੋਗ ਪ੍ਰਿੰਸੀਪਲ ਸਾਹਿਬ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਬੇਨਤੀ ਹੈ ਕਿ ਆਪ ਜੀ ਸਮਾਜ ਦੀ ਛੋਟੀ ਪਨੀਰੀ ਨੌਜਵਾਨ ਵਰਗ ਨੂੰ ਗਿਆਨ ਦਾ ਚਾਨਣ ਦੇਣ ਲਈ ਇਸ ਵਿਦਿਅਕ ਸੰਸਥਾ ਰਾਹੀਂ ਬਹੁਤ ਮਿਹਨਤ ਅਤੇ ਮੁਸ਼ੱਕਤ ਕਰ ਰਹੇ ਹੋ। ਗਿਆਨ ਦੇਣ ਦਾ ਮਨੋਰਥ ਜਿੱਥੇ ਸਿੱਖ ਬੱਚਿਆਂ ਅੰਦਰ ਚੰਗੇ ਗੁਣ ਭਰਨੇ ਅਤੇ ਉਨ੍ਹਾਂ ਨੂੰ ਸਮਾਜ ਵਿਚਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਬਨਾਉਣਾ ਹੈ, ਉੱਥੇ ਉਨ੍ਹਾਂ ਦੇ ਅੰਦਰ ਸਮਾਜ ਪ੍ਰਤੀ ਸੇਵਾ, ਕੁਰਬਾਨੀ ਅਤੇ ਸਹਿਯੋਗ ਕਰਨ ਦੀ ਭਾਵਨਾ ਪੈਦਾ ਕਰਨੀ ਵੀ ਬਹੁਤ ਜਰੂਰੀ ਹੈ। ਕੋਈ ਸ਼ੱਕ ਨਹੀਂ ਕਿ ਅਜੋਕੇ ਸਮੇਂ ਅੰਦਰ ਵਿਦਿਆਰਥੀਆਂ ਅਤੇ ਨੌਜਵਾਨਾਂ ਅੰਦਰ ਦੁਨਿਆਵੀ ਵਿਦਿਆ ਜਾਂ ਗਿਆਨ ਨੇ ਬਹੁਤ ਤਰੱਕੀ ਕੀਤੀ ਹੈ ਅਤੇ ਹਰ ਖੇਤਰ ਵਿੱਚ ਪ੍ਰਤੀਯੋਗਤਾ ਪਹਿਲਾਂ ਦੇ ਸਮੇਂ ਨਾਲੋਂ ਵਧੇਰੇ ਹੋਣ ਲੱਗੀ ਹੈ। ਉੱਥੇ ਦੂਜੇ ਬੰਨੇ ਅੱਜ ਸਾਡੇ ਸਮਾਜ ਅੰਦਰ ਸਦਾਚਾਰਕ ਗੁਣ ਘੱਟ ਰਹੇ ਹਨ ਅਤੇ ਮਨੁੱਖ ਅੰਦਰ ਕੇਵਲ ਪਦਾਰਥਵਾਦੀ ਸੋਚ ਭਾਰੂ ਹੁੰਦੀ ਜਾ ਰਹੀ ਹੈ ਜਿਸ ਨਾਲ ਸਾਡੀਆਂ ਆਪਸੀ ਸਾਂਝਾਂ, ਰਿਸ਼ਤੇ ਅਤੇ ਪਿਆਰ ਘੱਟ ਰਿਹਾ ਹੈ। ਅਸੀਂ ਹਰ ਗੱਲ ਆਪਣੇ ਫਾਇਦੇ ਅਤੇ ਨੁਕਸਾਨ ਤੱਕ ਹੀ ਸੀਮਤ ਕਰੀ ਬੈਠੇ ਹਾਂ ਜਿਸ ਨਾਲ ਅੱਜ ਸਾਡਾ ਸਮਾਜ ਟੁੱਟ ਰਿਹਾ ਹੈ।

ਸਾਡੇ ਲਈ ਸਭ ਤੋਂ ਵੱਧ ਚਿੰਤਾ ਵਾਲੀ ਗੱਲ ਹੈ ਕਿ ਸਾਡੇ ਮਹਾਨ ਗੁਰੂ ਸਾਹਿਬਾਨਾਂ ਅਤੇ ਹੋਰ ਪੀਰਾਂ ਪੈਗੰਬਰਾਂ, ਮਹਾਂਪੁਰਖਾਂ ਨੇ ਸਾਡੇ ਸਮਾਜ ਵਿੱਚ ਚੰਗੇ ਗੁਣ ਭਰਨ ਲਈ ਜੋ ਜੱਦੋ-ਜਹਿਦ ਕੀਤੀ, ਅੱਜ ਸਾਡਾ ਸਮਾਜ ਉਸ ਸਭ ਕੁੱਝ ਨੂੰ ਭੁੱਲਦਾ ਜਾ ਰਿਹਾ ਹੈ। ਸਾਡੀ ਨੌਜਵਾਨ ਪੀੜੀ ਅਤੇ ਵਿਸ਼ੇਸ ਕਰਕੇ ਵਿਦਿਆਰਥੀ ਵਰਗ ਆਪਣੇ ਮਹਾਨ ਇਤਿਹਾਸ ਅਤੇ ਸਭਿਆਚਾਰ ਤੋਂ ਬਿੱਲਕੁਲ ਅਣਜਾਣ ਹੋ ਰਿਹਾ ਹੈ। ਉਸ ਉਪੱਰ ਅਜੋਕੇ ਮੀਡੀਏ, ਟੈਲੀਵਿਜ਼ਨ ਅਤੇ ਇੰਟਰਨੈਟ ਦਾ ਪ੍ਰਭਾਵ ਏਨਾ ਵੱਧ ਚੁੱਕਾ ਹੈ ਕਿ ਇਨ੍ਹਾਂ ਤੇ ਵਿਖਾਏ ਜਾਣ ਵਾਲੇ ਦ੍ਰਿਸ਼ਾਂ ਦਾ ਪ੍ਰਭਾਵ ਵਧੇਰੇ ਕਬੂਲ ਰਿਹਾ ਹੈ। ਜਿਸ ਕਾਰਨ ਅੱਜ ਸਾਡੀ ਅਮੀਰ ਸੱਭਿਅਤਾ ਅਤੇ ਸਾਡੀਆਂ ਪ੍ਰੰਪਰਾਵਾਂ ਸਾਡੇ ਤੋਂ ਖੁਸ ਰਹੀਆਂ ਹਨ। ਅੱਜ ਅਸੀਂ ਵੱਡੇ-ਛੋਟੇ, ਗੁਰੂ-ਚੇਲੇ, ਮਾਤਾ-ਪਿਤਾ ਅਤੇ ਭੈਣ-ਭਰਾਵਾਂ ਦਾ ਮਾਣ ਸਤਿਕਾਰ ਛੱਡ ਰਹੇ ਹਾਂ। ਇਸ ਦਾ ਮੁੱਖ ਕਾਰਨ ਹੈ ਕਿ ਅਸੀਂ ਉਨ੍ਹਾਂ ਮਹਾਨ ਸਿੱਖਿਆਵਾਂ ਜੋ ਸਾਨੂੰ ਗੁਰਬਾਣੀ ਰਾਹੀਂ, ਰਹਿਤ ਮਰਿਆਦਾ ਰਾਹੀਂ ਜਾਂ ਇਤਿਹਾਸ ਰਾਹੀਂ ਪ੍ਰਾਪਤ ਹੋਣੀ ਹੈ, ਉਸ ਤੋਂ ਬਿਲਕੁੱਲ ਕੋਰੇ ਹੋਏ ਪਏ ਹਾਂ।

ਇਸ ਲਈ ਅਸੀਂ ਇਸ ਦਿਸ਼ਾ ਵਿੱਚ ਕੁੱਝ ਕਰਨ ਦੀ ਸੋਚ ਲੈ ਕੇ ਤੁਹਾਡੇ ਤੱਕ ਪਹੁੰਚ ਕੀਤੀ ਹੈ ਤਾਂ ਕਿ ਦੁਨਿਆਵੀ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਅੰਦਰ ਆਪਣੇ ਧਰਮ ਪ੍ਰਤੀ ਜਾਗਰੁਕਤਾ ਪੈਦਾ ਕੀਤੀ ਜਾਵੇ।

ਇਸ ਸਬੰਧੀ ਅਸੀ ਇੱਕ ਪੰਜਾਬ ਪੱਧਰ ਤੇ ਧਾਰਮਿਕ ਸੁਆਲ-ਜੁਆਬ ਪ੍ਰਤੀਯੋਗਤਾ (Quiz Competition) ਕਰਵਾਉਣ ਦਾ ਫੈਸਲਾ ਕੀਤਾ ਹੈ ਜਿਸ ਦਾ ਨਾਮ ਹੋਵੇਗਾ-

**ਕੌਣ ਬਣੇਗਾ ਦਸ਼ਮੇਸ਼ ਪਿਤਾ ਦਾ ਲਾਡਲਾ**

ਇਹ ਪ੍ਰਤੀਯੋਗਤਾ ਮਾਤਾ ਗੁਜਰੀ ਜੀ ਅਤੇ ਦਸਮੇਸ਼ ਪਿਤਾ ਜੀ ਦੇ ਚੋਹਾਂ ਸਾਹਿਬਜਾਦਿਆਂ ਦੀ ਮਹਾਨ ਕੁਰਬਾਨੀ ਨੂੰ ਸਮਰਪਿਤ ਹੋਵੇਗੀ। ਇਸ ਪ੍ਰਤੀਯੋਗਤਾ ਵਿੱਚ ਬੱਚਿਆਂ ਨੂੰ ਗੁਰਬਾਣੀ, ਸਿੱਖ ਇਤਿਹਾਸ ਅਤੇ ਰਹਿਤ ਮਰਿਯਾਦਾ ਦੇ ਅਧਾਰ ਤੇ ਆਪਣੇ ਧਰਮ ਪ੍ਰਤੀ ਜਾਣਕਾਰੀ ਦੇਣ ਦਾ ਮੌਕਾ ਦਿੱਤਾ ਜਾਵੇਗਾ ਅਤੇ ਇਸ ਪ੍ਰਤੀਯੋਗਤਾ ਦੇ ਜੇਤੂ ਵਿਦਿਆਰਥੀ/ਵਿਦਿਆਰਥਣਾਂ ਦੇ ਨਾਲ ਨਾਲ ਸਬੰਧਤ ਸਕੂਲਾਂ/ਸੰਸਥਾਵਾਂ ਨੂੰ ਵੀ ਵਿਸ਼ੇਸ਼ ਇਨਾਮ ਅਤੇ ਟਰਾਫੀ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਪ੍ਰਤੀਯੋਗਤਾ ਦੇ ਨਿਯਮ, ਸ਼ਰਤਾਂ ਅਤੇ ਸਲੇਬਸ ਨਾਲ ਨੱਥੀ ਕੀਤੇ ਪੇਪਰ ਰਾਹੀਂ ਭੇਜਿਆ ਜਾ ਰਿਹਾ ਹੈ।

ਇਹ ਪ੍ਰਤੀਯੋਗਤਾ 7-8 ਦਸੰਬਰ, 2013 ਨੂੰ ਭਾਈ ਨੰਦ ਲਾਲ ਪਬਲਿਕ ਸਕੂਲ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗੀ। ਭਾਗ ਲੈਣ ਵਾਲੀਆਂ ਟੀਮਾਂ ਆਪੋ ਆਪਣਾ ਵੇਰਵਾ ਮਿਤੀ 25 ਨਵੰਬਰ, 2013 ਤੱਕ ਮਿਸ਼ਨ ਦੇ ਪਤੇ ਤੇ ਜਾਂ e-mail : aschawlapunjab@gmail.com ਤੇ ਭੇਜਣ ਦੀ ਕ੍ਰਿਪਾਲਤਾ ਕਰਨ।

ਧੰਨਵਾਦ ਸਹਿਤ।

ਸੰਗਤਾਂ ਦਾ ਦਾਸ,


ਅਮਰਜੀਤ ਸਿੰਘ ਚਾਵਲਾ
ਮੈਂਬਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਹਲਕਾ ਸ੍ਰੀ ਅਨੰਦਪੁਰ ਸਾਹਿਬ।
M : 94170-36362

ੴ ਵਾਹਿਗੁਰੂ ਜੀ ਕੀ ਫਤਹਿ॥

# ਗੁਰਮਤਿ ਪ੍ਰਚਾਰ ਮਿਸ਼ਨ

## "ਕੌਣ ਬਣੇਗਾ ਦਸ਼ਮੇਸ਼ ਪਿਤਾ ਦਾ ਲਾਡਲਾ"

### ਸੁਆਲ ਜੁਆਬ ਪ੍ਰਤੀਯੋਗਤਾ

**ਜਰੂਰੀ ਬੇਨਤੀ :** ਇਸ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਦੇ ਮੈਂਬਰ ਸਾਹਿਬਾਨ (ਵਿਦਿਆਰਥੀਆਂ) ਦੇ ਨਾਮ ਅਤੇ ਵੇਰਵੇ ਮਿਤੀ 25-11-2013 ਤੱਕ ਹੇਠ ਲਿਖੇ ਪਤੇ ਤੇ ਅਤੇ ਆਪਣਾ ਈ-ਮੇਲ ਐਡਰੈਸ ਵੀ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ:

ਸ੍ਰ: ਅਮਰਜੀਤ ਸਿੰਘ ਚਾਵਲਾ,
ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਮਾਰਫਤ : ਮੈਨੇਜਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ, ਜਿਲ੍ਹਾ ਰੋਪੜ।
ਜਾਂ Email : aschawlapunjab@gmail.com

ੴ ਵਾਹਿਗੁਰੂ ਜੀ ਕੀ ਫਤਹਿ॥

# ਗੁਰਮਤਿ ਪ੍ਰਚਾਰ ਮਿਸ਼ਨ

## ਸ੍ਰੀ ਅਨੰਦਪੁਰ ਸਾਹਿਬ

ਮਿਤੀ 7 ਅਤੇ 8 ਦਸੰਬਰ 2013 ਨੂੰ ਹੋਣ ਵਾਲੀ **ਕੌਣ ਬਣੇਗਾ ਦਸਮੇਸ਼ ਪਿਤਾ ਦਾ ਲਾਡਲਾ** ਧਾਰਮਿਕ ਪ੍ਰਤੀਯੋਗਤਾ ਲਈ ਨਿਯਮ ਅਤੇ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ :

1- ਇਸ ਪ੍ਰਤੀਯੋਗਤਾ ਵਿੱਚ 9ਵੀਂ, 10ਵੀਂ, 10+1, ਅਤੇ 10+2 ਦੇ ਵਿਦਿਆਰਥੀ ਹੀ ਹਿੱਸਾ ਲੈ ਸਕਦੇ ਹਨ।

2- ਭਾਗ ਲੈਣ ਵਾਲੇ ਵਿਦਿਆਰਥੀ ਆਪਣੀ ਸਕੂਲ ਵਰਦੀ ਵਿੱਚ ਹੋਣੇ ਚਾਹੀਦੇ ਹਨ।

3- ਵਿਦਿਆਰਥੀ ਅਤੇ ਇੰਚਾਰਜ ਅਧਿਆਪਿਕ ਪਾਸ ਆਪਣੇ ਸਕੂਲ ਦਾ ਜਾਰੀ ਕੀਤਾ ਪਹਿਚਾਣ ਪੱਤਰ ਹੋਣਾ ਜਰੂਰੀ ਹੈ। ਇਸ ਤੋਂ ਬਿਨਾਂ ਟੀਮ ਦਾਖਲ ਨਹੀਂ ਹੋ ਸਕੇਗੀ।

4- ਹਰ ਟੀਮ ਦੇ ਤਿੰਨ ਮੈਂਬਰ ਹੋਣਗੇ ਅਤੇ ਇੱਕ ਸਕੂਲ ਦੀ ਇੱਕ ਹੀ ਟੀਮ ਹਿੱਸਾ ਲੈ ਸਕੇਗੀ।

5- ਸਵਾਲ ਜਵਾਬ ਦੀ ਪ੍ਰਤੀਯੋਗਤਾ ਮੌਕੇ ਕੋਈ ਵੀ ਵਿਦਿਆਰਥੀ ਆਪਣੇ ਨਾਲ ਕਾਗਜ, ਪੈੱਨ ਜਾਂ ਕੋਈ ਮੋਬਾਇਲ ਫੋਨ ਜਾਂ ਹੋਰ ਕੋਈ ਵੀ ਵਸਤੂ/ਉਪਕਰਨ ਕੋਲ ਨਹੀਂ ਰੱਖ ਸਕੇਗਾ - ਜਿਸ ਨਾਲ ਨਕਲ ਦੀ ਸੰਭਾਵਨਾ ਹੋ ਸਕਦੀ ਹੈ।

6- ਹਰ ਟੀਮ ਆਪਣੇ ਖਰਚੇ ਤੇ ਹੀ ਪ੍ਰਤੀਯੋਗਤਾ ਵਿੱਚ ਹਿੱਸਾ ਲੈਣ ਲਈ ਪੁੱਜੇਗੀ।

7- ਇਸ ਪ੍ਰਤੀਯੋਗਤਾ ਦੇ ਤਿੰਨ ਭਾਗ ਹੋਣਗੇ :

ੳ) ਗੁਰਬਾਣੀ

ਅ) ਸਿੱਖ ਇਤਿਹਾਸ

ੲ) ਸਿੱਖ ਰਹਿਤ ਮਰਿਯਾਦਾ

8- ਹਰ ਭਾਗ ਵਿੱਚੋਂ 10 ਤੋਂ 15 ਸਵਾਲ ਕੀਤੇ ਜਾਣਗੇ (ਮੌਕੇ ਮੁਤਾਬਿਕ ਵਧ ਘੱਟ ਵੀ ਸਕਦੇ ਹਨ ਜੋ ਮੁਕਾਬਲੇ ਦੇ ਆਰੰਭ ਹੋਣ ਤੋਂ ਪਹਿਲਾਂ ਬਕਾਇਦਾ ਦੱਸਿਆ ਜਾਵੇਗਾ)।

9- ਹਰ ਸਵਾਲ ਦੇ ਜਵਾਬ ਦਾ ਸਮਾਂ 12 ਤੋਂ 20 ਸਕਿੰਟ ਦਾ ਹੋਵੇਗਾ। 12ਵੇਂ ਮਿੰਟ ਉੱਤੇ ਵਾਰਨਿੰਗ ਘੰਟੀ ਦਿੱਤੀ ਜਾਵੇਗੀ।

10- ਗੁਰਬਾਣੀ ਨਾਲ ਸਬੰਧਤ ਸਵਾਲਾਂ ਦੇ ਜਵਾਬ ਵਿੱਚ ਠੀਕ ਜਵਾਬ ਦੇ ਨਾਲ ਨਾਲ ਗੁਰਬਾਣੀ ਪਰਖਣ ਦੇ ਮੌਕੇ ਜੱਜ ਸਾਹਿਬਾਨ ਗੁਰਬਾਣੀ ਦੇ ਸ਼ੁੱਧ ਉਚਾਰਣ ਦਾ ਖਿਆਲ ਰੱਖਣਗੇ।

# ਸਲੇਬਸ

ਇਸ ਪ੍ਰਤੀਯੋਗਤਾ ਦਾ ਸਲੇਬਸ ਹੇਠ ਲਿਖੇ ਅਨੁਸਾਰ ਹੋਵੇਗਾ :

## ਪਹਿਲਾ ਭਾਗ – ਗੁਰਬਾਣੀ :

1- ਕੰਠ ਬਾਣੀਆਂ – ਜਪੁਜੀ ਸਾਹਿਬ, ਜਾਪ ਸਾਹਿਬ, ਤਵਪ੍ਰਸਾਦਿ ਸਵੱਈਏ (ਸ੍ਰਾਵਗ ਸੁਧ), ਚੌਪਈ ਸਾਹਿਬ (ਹਮਰੀ ਕਰੋ ਹਾਥ ਦੇ ਰੱਛਾ), ਅਨੰਦ ਸਾਹਿਬ ਪੂਰਾ, ਰਹਿਰਾਸੁ ਸਾਹਿਬ, ਸੋਹਿਲਾ ਸਾਹਿਬ।

2- ਅਰਥ ਬਾਣੀਆਂ : ਜਪੁਜੀ ਸਾਹਿਬ, ਅਨੰਦ ਸਾਹਿਬ, ਰਹਿਰਾਸੁ ਸਾਹਿਬ ਅਤੇ ਸੋਹਿਲਾ ਸਾਹਿਬ।

3- ਉਪਰੋਕਤ ਬਾਣੀਆਂ ਸਬੰਧੀ ਪ੍ਰਸ਼ਨ

## ਦੂਜਾ ਭਾਗ – ਸਿੱਖ ਇਤਿਹਾਸ

1- ਦਸ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਬਾਰੇ।

2- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਤੇ ਗੁਰਿਆਈ ਸਬੰਧੀ ਜਾਣਕਾਰੀ।

3- ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਸ੍ਰ: ਜੱਸਾ ਸਿੰਘ ਆਹਲੂਵਾਲੀਆ, ਅਕਾਲੀ ਫੂਲਾ ਸਿੰਘ, ਮਹਾਰਾਜਾ ਰਣਜੀਤ ਸਿੰਘ ਦੀਆਂ ਜੀਵਨੀਆਂ ਬਾਰੇ।

4- ਭਾਈ ਮਤੀ ਦਾਸ, ਭਾਈ ਦਿਆਲਾ ਜੀ, ਭਾਈ ਸੁਬੇਗ ਸਿੰਘ, ਭਾਈ ਸਹਿਬਾਜ਼ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਤਾਰੂ ਸਿੰਘ ਦੀਆਂ ਸ਼ਹੀਦੀਆਂ ਅਤੇ ਜੀਵਨੀ ਬਾਰੇ।

5- ਛੋਟੇ ਅਤੇ ਵੱਡੇ ਘੱਲੂਘਾਰੇ ਬਾਰੇ ਜਾਣਕਾਰੀ।

## ਭਾਗ ਤੀਜਾ – ਰਹਿਤ ਮਰਿਯਾਦਾ

1- ਅੰਮ੍ਰਿਤ (ਖੰਡੇ ਦੀ ਪਾਹੁਲ) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਤ ਰਹਿਤ ਮਰਿਯਾਦਾ ਬਾਰੇ ਜਾਣਕਾਰੀ।

2- ਪੰਜ ਪਿਆਰੇ ਸਾਹਿਬਾਨ ਅਤੇ ਚਾਰ ਸਾਹਿਬਜ਼ਾਦਿਆਂ ਬਾਰੇ ਜਾਣਕਾਰੀ।

3- ਕੀਰਤਨ, ਸਾਧ ਸੰਗਤ, ਨਾਮ ਜਪਣ, ਵੰਡ ਛਕਣ, ਕਿਰਤ ਕਰਨ ਅਤੇ ਅਰਦਾਸ ਦੀ ਮਹੱਤਤਾ।

ਨੋਟ: ਮੁਢਲੀ ਜਾਣਕਾਰੀ ਲਈ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਪ੍ਰਕਾਸ਼ਿਤ ਦੋ ਪੁਸਤਕਾਂ ਵੀ ਨਾਲ ਭੇਜੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ [illegible] ਸਿਲੇਬਸ ਲਈ ਕੋਈ ਹੋਰ ਸਮਗਰੀ ਜਾ ਕਿਤਾਬਾਂ ਵੀ ਪੜ੍ਹ ਸਕਦੇ ਹੋ।

# ਪ੍ਰਤੀਯੋਗਤਾ ਦਾ ਖੇਤਰ

1- ਮੁਕਾਬਲਾ ਪੰਜਾਬ ਪੱਧਰ ਦਾ ਹੋਵੇਗਾ ਅਤੇ ਪੰਜਾਬ ਦੇ ਸਾਰੇ ਜਿਲ੍ਹਿਆਂ ਨੂੰ ਚਾਰ ਜੋਨਾਂ ਵਿੱਚ ਵੰਡਿਆ ਜਾਵੇਗਾ।

2- ਹਰ ਜੋਨ ਵਿੱਚੋਂ ਜੇਤੂ ਰਹਿਣ ਵਾਲੀ ਪਹਿਲੀ, ਦੂਜੀ ਅਤੇ ਤੀਜੀ ਟੀਮ ਵਿੱਚੋਂ ਕੇਵਲ ਪਹਿਲੀ ਟੀਮ ਹੀ ਫਾਈਨਲ ਵਿੱਚ ਜਾਵੇਗੀ (ਇਸ ਵਾਰ ਚਾਰਾਂ ਜੋਨਾਂ ਦਾ ਸਾਂਝਾ ਮੁਕਾਬਲਾ ਗਰੁੱਪ ਬਣਾ ਕੇ ਕਰਵਾਇਆ ਜਾਵੇਗਾ ਅਤੇ ਫਾਈਨਲ ਵਾਸਤੇ ਚਾਰ ਟੀਮਾਂ ਦੀ ਚੋਣ ਕੀਤੀ ਜਾਵੇਗੀ)।

# ਪ੍ਰੋਗਰਾਮ

1- ਇਹ ਪ੍ਰਤੀਯੋਗਤਾ ਮਿਤੀ 7 ਅਤੇ 8 ਦਸੰਬਰ 2013 ਨੂੰ ਭਾਈ ਨੰਦਲਾਲ ਪਬਲਿਕ ਸਕੂਲ,ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗਾ।

2- ਮਿਤੀ 7 ਦਸੰਬਰ 2013 ਨੂੰ ਪੰਜਾਬ ਭਰ ਤੋਂ ਆਈਆਂ ਟੀਮਾਂ ਦੇ ਚਾਰ ਗਰੁੱਪ ਬਣਾਏ ਜਾਣਗੇ।

3- ਮਿਤੀ 7 ਦਸੰਬਰ 2013 ਨੂੰ ਦੁਪਹਿਰ 12 ਵਜ੍ਹੇ ਇਨ੍ਹਾਂ ਚਾਰ ਗਰੁੱਪਾਂ ਦੀਆਂ ਫਸਟ, ਸੈਕਿੰਡ ਅਤੇ ਥਰਡ ਟੀਮਾਂ ਚੁਣੀਆਂ ਜਾਣਗੀਆਂ।

4- ਦੁਪਹਿਰ 1:30 ਵਜ੍ਹੇ ਨਤੀਜੇ ਐਲਾਨੇ ਜਾਣਗੇ ਅਤੇ ਟੀਮਾਂ ਨੂੰ ਇਨਾਮ ਦਿੱਤੇ ਜਾਣਗੇ।

5- ਇਨ੍ਹਾਂ ਚਾਰ ਗਰੁੱਪਾਂ ਵਿੱਚੋਂ ਪਹਿਲੇ ਨੰਬਰ ਤੇ ਆਉਣ ਵਾਲੀ ਹਰ ਟੀਮ ਫਾਈਨਲ ਮੁਕਾਬਲੇ ਵਿੱਚ ਪ੍ਰਵੇਸ਼ ਕਰੇਗੀ।

6- ਫਾਈਨਲ ਮੁਕਾਬਲਾ ਮਿਤੀ 8 ਦਸੰਬਰ 2013 ਨੂੰ ਸਵੇਰੇ 11 ਵਜ੍ਹੇ ਭਾਈ ਨੰਦਲਾਲ ਪਬਲਿਕ ਸਕੂਲ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ ਹੋਵੇਗਾ।

7- ਦੁਪਹਿਰ 12:30 ਵਜ੍ਹੇ ਨਤੀਜੇ ਘੋਸ਼ਿਤ ਕਰਕੇ ਨਕਦ ਇਨਾਮ ਅਤੇ ਟਰਾਫੀ ਦਿੱਤੀ ਜਾਵੇਗੀ।

8- ਦੋਨੋ ਦਿਨ ਦੁਪਹਿਰ ਦਾ ਖਾਣਾ ਵਰਤਾਇਆ ਜਾਵੇਗਾ।

**ਜਰੂਰੀ ਬੇਨਤੀ : ਭਾਗ ਲੈਣ ਵਾਲੀਆਂ ਟੀਮਾਂ ਆਪਣੇ ਨਾਮ, ਕਲਾਸ, ਸਕੂਲ ਦਾ ਨਾਮ ਅਤੇ ਪਤਾ ਮਿਤੀ 25 ਨਵੰਬਰ 2013 ਤੱਕ ਮਿਸ਼ਨ ਦੇ ਪਤੇ ਜਾਂ ਈ-ਮੇਲ ਪਤੇ ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।**

## ਇਨਾਮ :

1- ਪੰਜਾਬ ਵਿੱਚ ਪਹਿਲੇ ਨੰਬਰ ਤੇ ਆਉਣ ਵਾਲੀ ਟੀਮ ਨੂੰ 25000/-ਰੁ: ਨਕਦ ਇਨਾਮ ਅਤੇ ਟਰਾਫੀ ਦਿੱਤੀ ਜਾਵੇਗੀ।

2- ਦੂਜੇ ਨੰਬਰ ਤੇ ਆਉਣ ਵਾਲੀ ਟੀਮ ਨੂੰ 15000/-ਰੁ: ਨਕਦ ਇਨਾਮ ਅਤੇ ਯਾਦਗਾਰੀ ਚਿੰਨ੍ਹ ਦਿੱਤਾ ਜਾਵੇਗਾ।

3- ਤੀਜੇ ਨੰਬਰ ਤੇ ਆਉਣ ਵਾਲੀ ਟੀਮ ਨੂੰ 11000/-ਰੁ: ਨਕਦ ਇਨਾਮ ਅਤੇ ਯਾਦਗਾਰੀ ਚਿੰਨ੍ਹ ਦਿੱਤਾ ਜਾਵੇਗਾ।

4- ਚੋਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 5000/-ਰੁ: ਨਕਦ ਇਨਾਮ ਦਿੱਤਾ ਜਾਵੇਗਾ।

5- ਲਗਾਤਾਰ ਦੋ ਵਾਰ ਜਿੱਤਣ ਵਾਲੀ ਟੀਮ ਟਰਾਫੀ ਰੱਖਣ ਦੀ ਹੱਕਦਾਰ ਹੋਵੇਗੀ।

6- ਬਰਾਬਰ ਆਉਣ ਵਾਲੀਆਂ ਟੀਮਾਂ ਵਿੱਚ ਇਨਾਮੀ ਰਾਸ਼ੀ ਬਰਾਬਰ ਵੰਡੀ ਜਾਵੇਗੀ।

7- ਜੋਨ ਪੱਧਰ ਤੇ ਜੇਤੂ ਰਹਿਣ ਵਾਲੀਆਂ ਪਹਿਲੀਆਂ ਤਿੰਨ ਟੀਮਾਂ ਦੇ ਹਰ ਮੈਂਬਰ ਨੂੰ ਯਾਦਗਾਰੀ ਚਿੰਨ੍ਹ ਦਿੱਤੇ ਜਾਣਗੇ।

8- ਪੰਜਾਬ ਪੱਧਰ ਤੇ ਜੇਤੂ ਰਹਿਣ ਵਾਲੀਆਂ ਪਹਿਲੀਆਂ ਤਿੰਨ ਟੀਮਾਂ ਦੇ ਹਰ ਮੈਂਬਰ ਨੂੰ ਕਰਮਵਾਰ ਸੋਨੇ ਦੇ, ਚਾਂਦੀ ਦੇ ਅਤੇ ਕਾਂਸੀ ਦੇ ਤਗਮੇ ਵੀ ਦਿੱਤੇ ਜਾਣਗੇ।

9- ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਦੇ ਹਰ ਮੈਂਬਰ ਨੂੰ ਸਰਟੀਫਿਕੇਟ ਦਿੱਤੇ ਜਾਣਗੇ।

**ਨੋਟ :** ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਮਿਸ਼ਨ ਵੱਲੋਂ ਕੀਤਾ ਜਾਵੇਗਾ।

**ਧੰਨਵਾਦ ਸਹਿਤ।**

ਸੰਗਤਾਂ ਦਾ ਦਾਸ,

ਅਮਰਜੀਤ ਸਿੰਘ ਚਾਵਲਾ,
ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਹਲਕਾ, ਸ੍ਰੀ ਅਨੰਦਪੁਰ ਸਾਹਿਬ।